2023 92384
12/7/2023

ਪੰਜਾਬੀ ਬੋਲੋ, ਪੰਜਾਬੀ ਪੜ੍ਹੋ, ਪੰਜਾਬੀ ਲਿਖੋ


## ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ, ਬਠਿੰਡਾ

ਕਮਰਾ ਨੰ. 225-ਬੀ-227-ਬੀ, ਪਹਿਲੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ-151001

ਈ-ਮੇਲ dlobti.pblanguages@gmail.com


ਵੱਲ

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ),
ਜ਼ਿਲ੍ਹਾ ਬਠਿੰਡਾ।

**ਪੱਤਰ ਨੰ. ਪੰ.ਵਿ.-2023/ ੨੭੫**

**ਮਿਤੀ, ਬਠਿੰਡਾ/** 12.07.2023

**ਵਿਸ਼ਾ-** **ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ ਸਾਲ-2023 ਕਰਵਾਉਣ ਬਾਰੇ।**

ਉਪਰੋਕਤ ਵਿਸ਼ੇ ਸੰਬੰਧੀ ਭਾਸ਼ਾ ਵਿਭਾਗ, ਪੰਜਾਬ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ ਕਰਵਾਏ ਜਾਣੇ ਹਨ। ਇਸ ਸੰਬੰਧ ਵਿੱਚ ਆਪ ਜੀ ਨੂੰ ਬੇਨਤੀ ਹੈ ਕਿ ਬਠਿੰਡਾ ਜ਼ਿਲ੍ਹੇ ਦੀਆਂ ਵਿੱਦਿਅਕ ਸੰਸਥਾਵਾਂ (ਸਰਕਾਰੀ/ਏਡਿਡ/ਪ੍ਰਾਈਵੇਟ) ਨੂੰ ਇਹਨਾਂ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਸਕੂਲ ਪ੍ਰਿੰਸੀਪਲ ਵੱਲੋਂ ਤਸਦੀਕਸ਼ੁਦਾ ਪੱਤਰ ਲਗਾ ਕੇ ਆਪਣੀ ਐਂਟਰੀ (ਨਿਯਮ ਅਤੇ ਸ਼ਰਤਾਂ ਨਾਲ ਨੱਥੀ) **25 ਜੁਲਾਈ, 2023 ਤੱਕ ਦਫ਼ਤਰ ਦੀ ਈ-ਮੇਲ** dlobti.pblanguages@gmail.com ਰਾਹੀਂ ਭੇਜਣ ਲਈ ਲਿਖ ਦਿੱਤਾ ਜਾਵੇ। ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਐਂਟਰੀ ਲਈ ਮੰਗੀ ਜਾਣਕਾਰੀ ਇਸ ਪੱਤਰ ਸਹਿਤ ਨੱਥੀ ਐਕਸਲ ਫਾਰਮੈਟ (ਸਾਫਟ ਕਾਪੀ) ਵਿੱਚ ਹੀ ਭੇਜੀ ਜਾਵੇ (ਪੀ.ਡੀ.ਐੱਫ ਵਿੱਚ ਨਹੀਂ)।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਜੀ।

**ਨੋਟ- 25 ਜੁਲਾਈ, 2023 ਤੋਂ ਬਾਅਦ ਕੋਈ ਵੀ ਐਂਟਰੀ ਸਵੀਕਾਰ ਨਹੀਂ ਕੀਤੀ ਜਾਵੇਗੀ। ਕਵਿਤਾ ਗਾਇਨ ਮੁਕਾਬਲੇ ਦੇ ਸੰਬੰਧ ਵਿੱਚ ਨਿਯਮਾਂ ਅਨੁਸਾਰ ਨੱਥੀ ਪੱਤਰ ਵਿੱਚ ਦਰਜ ਪ੍ਰਵਾਨਿਤ ਕਵੀਆਂ ਦੀ ਕਵਿਤਾ ਹੀ ਗਾਇਨ ਕੀਤੀ ਜਾ ਸਕਦੀ ਹੈ। ਹਰੇਕ ਸਕੂਲ ਇਕ ਵਿਧਾ (ਕਵਿਤਾ, ਕਹਾਣੀ, ਲੇਖ ਅਤੇ ਕਵਿਤਾ ਗਾਇਨ) ਵਿੱਚ ਕੇਵਲ ਦੋ ਵਿਦਿਆਰਥੀ ਭੇਜ ਸਕਦਾ ਹੈ। ਮੁਕਾਬਲੇ ਕਰਵਾਉਣ ਦੀ ਨਿਸ਼ਚਿਤ ਮਿਤੀ, ਸਮਾਂ ਅਤੇ ਸਥਾਨ ਮੁਕਾਬਲੇ ਤੋਂ ਕੁਝ ਦਿਨ ਪਹਿਲਾਂ ਸੂਚਿਤ ਕਰ ਦਿੱਤਾ ਜਾਵੇਗਾ।**

ਧੰਨਵਾਦ ਸਹਿਤ

(ਕਿਰਪਾਲ ਸਿੰਘ)
ਜ਼ਿਲ੍ਹਾ ਭਾਸ਼ਾ ਅਫ਼ਸਰ
ਬਠਿੰਡਾ

Scanned with CamScanner

## ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

## ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ ਦੇ ਨਿਯਮ

1. **ਪਾਤਰਤਾ**
   1. ਮੁਕਾਬਲੇ ਜ਼ਿਲ੍ਹਾ ਪੱਧਰ 'ਤੇ ਸ਼ੁਰੂ ਹੋਣਗੇ।
   2. ਹਰੇਕ ਜ਼ਿਲ੍ਹੇ ਵਿੱਚ ਕੇਵਲ ਉਸ ਜ਼ਿਲ੍ਹੇ ਦੇ ਮੈਟ੍ਰਿਕ ਕਲਾਸਾਂ ਤੱਕ ਦੇ ਵਿਦਿਆਰਥੀ ਹੀ ਭਾਗ ਲੈ ਸਕਣਗੇ। ਪ੍ਰਮਾਣ ਵਜੋਂ ਪੇਸ਼ ਕੀਤਾ ਜਾਣ ਵਾਲਾ ਸਰਟੀਫਿਕੇਟ ਸਕੂਲ ਦੇ ਮੁੱਖੀ ਦੁਆਰਾ ਤਸਦੀਕ ਕੀਤਾ ਹੋਣਾ ਚਾਹੀਦਾ ਹੈ। ਹਰੇਕ ਸਕੂਲ ਇਕ ਵਿਧਾ (ਕਵਿਤਾ, ਕਹਾਣੀ, ਲੇਖ ਅਤੇ ਕਵਿਤਾ ਗਾਇਨ) ਵਿੱਚ ਕੇਵਲ ਦੋ ਵਿਦਿਆਰਥੀ ਭੇਜ ਸਕਦਾ ਹੈ।
   3. ਇਸ ਮੰਤਵ ਲਈ ਚੰਡੀਗੜ੍ਹ ਨੂੰ ਇਕ ਜ਼ਿਲ੍ਹਾ ਤਸੱਵਰ ਕੀਤਾ ਜਾਵੇਗਾ। ਪੰਜਾਬ ਰਾਜ ਅਤੇ ਚੰਡੀਗੜ੍ਹ ਪ੍ਰਸ਼ਾਸਨ ਤੋਂ ਬਾਹਰ ਰਹਿਣ ਵਾਲੇ ਵਿਦਿਆਰਥੀ ਮੁਕਾਬਲੇ ਵਿੱਚ ਭਾਗ ਨਹੀਂ ਲੈ ਸਕਦੇ।
   4. ਜ਼ਿਲ੍ਹਾ ਪੱਧਰ 'ਤੇ ਪਹਿਲੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਰਾਜ ਪੱਧਰ ਦੇ ਮੁਕਾਬਲੇ ਵਿੱਚ ਹਿੱਸੇ ਲੈਣਗੇ।
2. **ਐਂਟਰੀ ਫਾਰਮ**
   1. ਐਂਟਰੀ ਫਾਰਮ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਭਾਸ਼ਾ ਅਫ਼ਸਰ ਦੇ ਦਫ਼ਤਰ ਤੋਂ ਮੁਫ਼ਤ ਪ੍ਰਾਪਤ ਕੀਤੇ ਜਾ ਸਕਦੇ ਹਨ।
   2. ਐਂਟਰੀ ਨਿਸ਼ਚਿਤ ਫਾਰਮ ਉੱਤੇ ਹਰ ਪੱਖੋਂ ਮੁਕੰਮਲ ਹੋਣ ਚਾਹੀਦੀ ਹੈ। ਨਾ ਮੁਕੰਮਲ ਅਤੇ ਅਧੂਰੇ ਫਾਰਮਾਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
   3. ਅੰਤਿਮ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ ਐਂਟਰੀਆਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
3. **ਪਰਵਾਨਿਤ ਕਵੀ**
   1. ਪੰਜਾਬੀ ਕਵਿਤਾ ਗਾਇਨ:ਨੰਦ ਲਾਲ ਨੂਰਪੁਰੀ, ਧਨੀ ਰਾਮ ਚਾਤ੍ਰਿਕ, ਭਾਈ ਵੀਰ ਸਿੰਘ, ਸ਼ਿਵ ਕੁਮਾਰ ਬਟਾਲਵੀ, ਕਰਤਾਰ ਸਿੰਘ ਬਲੱਗਣ, ਅੰਮ੍ਰਿਤਾ ਪ੍ਰੀਤਮ, ਸੁਰਜੀਤ ਪਾਤਰ, ਗੁਰਤਜਨ ਗਿੱਲ, ਸੁਲੱਖਣ ਸਰਹੱਦੀ, ਗੁਰਤੇਜ ਕੋਹਾਰਵਾਲਾ, ਮਨਜੀਤ ਇੰਦਰਾ ਦੀਆਂ ਕਵਿਤਾਵਾਂ ਗਾਉਣ ਦੀ ਹੀ ਆਗਿਆ ਦਿੱਤੀ ਜਾਵੇਗੀ।
   2. ਇਨ੍ਹਾਂ ਮੁਕਾਬਲਿਆਂ ਵਿੱਚ ਕੋਈ ਅਜਿਹੀ ਰਚਨਾ ਨਹੀਂ ਗਾਈ ਜਾਵੇਗੀ ਜੋ ਸਮਾਜਿਕ, ਧਾਰਮਿਕ ਜਾਂ ਰਾਜਨੀਤਕ ਪੱਖ ਤੋਂ ਇਤਰਾਜ਼ਯੋਗ ਹੋਵੇ।
4. **ਸਮਾਂ ਅਤੇ ਸਥਾਨ**

   ਮੁਕਾਬਲਿਆਂ ਦੀ ਥਾਂ ਬਾਰੇ ਸੂਚਨਾ ਥਿਨੈਕਾਰਾਂ ਨੂੰ ਨਿਸ਼ਚਿਤ ਮਿਤੀ ਤੋਂ ਪਹਿਲਾਂ ਸਮੇਂ-ਸਿਰ ਦਿੱਤੀ ਜਾਵੇਗੀ।
5. **ਪੇਸ਼ਕਾਰੀ**
   1. ਕਵਿਤਾ ਗਾ ਕੇ ਹੀ ਪੇਸ਼ ਕੀਤੀ ਜਾਣੀ ਹੋਵੇਗੀ।
   2. ਮੁਕਾਬਲੇ ਕੇਵਲ ਵਿਅਕਤੀਗਤ ਹੋਣਗੇ। ਸਮੂਹਿਕ ਗਾਇਨ ਵਰਜਿਤ ਹੈ।
   3. ਕਵਿਤਾ ਗਾਇਨ ਸਮੇਂ ਸੁਵਿਧਾ ਅਨੁਸਾਰ ਸਾਜ਼ਾਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ ਪ੍ਰੰਤੂ ਪਹਿਲ ਕੇਵਲ ਗਾਇਨ ਨੂੰ ਦਿੱਤੀ ਜਾਵੇਗੀ।
   4. ਮੁਕਾਬਲੇ ਵਿੱਚ ਭਾਗ ਲੈਣ ਵਾਲੇ ਹਰ ਪ੍ਰਤਿਯੋਗੀ ਨੂੰ ਆਪਣੀ ਕਵਿਤਾ ਗਾਇਨ ਕਰਨ ਲਈ ਘੱਟੋ-ਘੱਟ ਤਿੰਨ ਮਿੰਟ ਅਤੇ ਵੱਧ ਤੋਂ ਵੱਧ ਪੰਜ ਮਿੰਟ ਦਾ ਸਮਾਂ ਦਿੱਤਾ ਜਾਵੇਗਾ।

6. ਇਨਾਮ

ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ ਦੇ ਮੁਕਾਬਲੇ ਵਿਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹਿਣ ਵਾਲਿਆਂ ਨੂੰ ਹੇਠਂ ਲਿਖੇ ਅਨੁਸਾਰ ਇਨਾਮ ਦਿੱਤੇ ਜਾਣਗੇ।

| | ਜ਼ਿਲ੍ਹਾ ਪੱਧਰ | ਰਾਜ ਪੱਧਰ |
|---|---|---|
| ਪਹਿਲਾ ਇਨਾਮ | 1000/- ਰੁਪਏ | 2000/- ਰੁਪਏ |
| ਦੂਜਾ ਇਨਾਮ | 750/- ਰੁਪਏ | 1500/- ਰੁਪਏ |
| ਤੀਜਾ ਇਨਾਮ | 500/- ਰੁਪਏ | 1000/- ਰੁਪਏ |

ਮੁਕਾਬਲਿਆਂ ਵਿਚ ਦਿੱਤੀ ਜਾਣ ਵਾਲੀ ਇਨਾਮਾਂ ਦੀ ਰਕਮ ਨਕਦ ਜਾਂ ਭਾਸ਼ਾ ਵਿਭਾਗ, ਪੰਜਾਬ ਦੁਆਰਾ ਛਪੀਆਂ ਪੁਸਤਕਾਂ/ਰਸਾਲਿਆਂ ਦੇ ਰੂਪ ਵਿਚ ਦਿੱਤੀ ਜਾਵੇਗੀ।

7. ਨਿਰਣਾ

ੳ. ਜੱਜਾਂ ਦਾ ਨਿਰਣਾ ਅੰਤਿਮ ਹੋਵੇਗਾ।

ਅ. ਨਿਰਣੇ ਸਮੇਂ ਕਵਿਤਾ ਦੀ ਚੋਣ, ਉਚਾਰਣ, ਸੁਰਤਾਲ, ਪੇਸ਼ਕਾਰੀ ਅਤੇ ਸਮੁੱਚੇ ਪ੍ਰਭਾਵ ਨੂੰ ਧਿਆਨ ਵਿਚ ਰੱਖਿਆ ਜਾਵੇਗਾ।

ੲ. ਮੁਕਾਬਲਿਆਂ ਸਬੰਧੀ ਕਿਸੇ ਵੀ ਵਾਦ-ਵਿਵਾਦ ਬਾਰੇ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਜਾਂ ਉਨ੍ਹਾਂ ਵੱਲੋਂ ਅਧਿਕਾਰਤ ਪ੍ਰਤਿਨਿਧ ਨੂੰ ਕੋਈ ਵੀ ਫੈਸਲਾ ਲੈਣ ਦਾ ਅਧਿਕਾਰ ਹੋਵੇਗਾ।

8. ਜ਼ਿਲ੍ਹਾ ਪੱਧਰ ਉਪਰੰਤ ਇਹ ਮੁਕਾਬਲੇ ਰਾਜ ਪੱਧਰ ਉੱਤੇ ਕਰਵਾਏ ਜਾਣਗੇ। ਇਸ ਵਿਚ ਕੇਵਲ ਉਹੀ ਵਿਦਿਆਰਥੀ ਭਾਗ ਲੈ ਸਕਣਗੇ ਜਿਨ੍ਹਾਂ ਨੇ ਆਪਣੇ ਜ਼ਿਲ੍ਹੇ ਦੇ ਮੁਕਾਬਲੇ ਵਿਚ ਪਹਿਲਾਂ ਇਨਾਮ ਪ੍ਰਾਪਤ ਕੀਤਾ ਹੋਵੇਗਾ।

9. ਹਿੱਸਾ ਲੈਣ ਵਾਲੇ ਕਿਸੇ ਵੀ ਵਿਅਕਤੀ ਨੂੰ ਵਿਭਾਗ ਵੱਲੋਂ ਕੋਈ ਵੀ ਸਫ਼ਰ ਖਰਚ ਜਾਂ ਰੋਜ਼ਾਨਾ ਭੱਤਾ ਨਹੀਂ ਦਿੱਤਾ ਜਾਵੇਗਾ।

10. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਉਕਤ ਨਿਯਮਾਂ ਵਿਚ ਕਿਸੇ ਵੀ ਸਮੇਂ ਲੋੜ ਅਨੁਸਾਰ ਸੋਧ ਕਰ ਸਕਦੇ ਹਨ।

ਵਧੀਕ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ : ਜੀ-1 /1 ( ) 2023 / 4061 ਮਿਤੀ : 13/07/2023

ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਸਸਸਸ/ਸਹਸ/ਸਮਿਸ ਜ਼ਿਲ੍ਹਾ ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਇਆ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।

## ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

### ਪੰਜਾਬੀ . ਸਾਹਿਤ ਸਿਰਜਣ ਮੁਕਾਬਲੇ ਦੇ ਨਿਯਮ

1. ਮੁਕਾਬਲੇ ਵਿਚ ਮੈਟ੍ਰਿਕ ਤੱਕ ਜਮਾਤਾਂ ਦੇ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ, ਜਿਨ੍ਹਾਂ ਦੀ ਉਮਰ ਐਂਟਰੀ ਭੇਜਣ ਦੀ ਮਿਤੀ ਤੱਕ 17 ਸਾਲਾਂ ਤੋਂ ਵੱਧ ਨਾ ਹੋਵੇ।
2. ਉਮਰ ਅਤੇ ਸ੍ਰੇਣੀ ਸਬੰਧੀ ਜਾਣਕਾਰੀ ਸਕੂਲ ਦੇ ਮੁੱਖੀ ਦੁਆਰਾ ਤਸਦੀਕ ਕੀਤੀ ਹੋਣੀ ਚਾਹੀਦੀ ਹੈ।
3. ਐਂਟਰੀ ਫਾਰਮ ਆਪਣੇ ਜ਼ਿਲੇ ਦੇ ਜ਼ਿਲ੍ਹਾ ਭਾਸ਼ਾ ਅਫਸਰ/ਇੰਚਾਰਜ, ਪੰਜਾਬੀ ਸੈੱਲ, ਮਿੰਨੀ ਸਕੱਤਰੇਤ, ਚੰਡੀਗੜ੍ਹ ਜਾਂ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਭਾਸ਼ਾ ਭਵਨ, ਸ਼ੇਰਾਂ ਵਾਲਾ ਗੇਟ, ਪਟਿਆਲਾ ਦੇ ਦਫ਼ਤਰ ਤੋਂ ਮੁਫ਼ਤ ਪ੍ਰਾਪਤ ਕੀਤੇ ਜਾ ਸਕਦੇ ਹਨ।
4. ਅੰਤਿਮ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ ਐਂਟਰੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।
5. ਐਂਟਰੀ ਨਿਸ਼ਚਿਤ ਫਾਰਮ ਤੇ ਹਰ ਪੱਖੋਂ ਮੁਕੰਮਲ ਹੋਣੀ ਚਾਹੀਦੀ ਹੈ।
6. ਮੁਕਾਬਲੇ ਵਿਚ ਮੌਕੇ ਤੇ ਹੀ ਦਿੱਤੇ ਵਿਸ਼ੇ/ਵਿਸ਼ਿਆਂ ਵਿਚੋਂ ਕਿਸੇ ਇੱਕ ਉੱਤੇ 300 ਸਬਦਾਂ ਤੱਕ ਦੀ ਕਵਿਤਾ, 600 ਸ਼ਬਦਾਂ ਦਾ ਲੇਖ ਅਤੇ ਕਹਾਣੀ ਲਿਖਣ ਲਈ ਆਖਿਆ ਜਾਵੇਗਾ।
7. ਮੁਕਾਬਲੇ ਦੀ ਥਾਂ ਅਤੇ ਮਿਤੀ ਬਾਰੇ ਸੂਚਨਾ ਸਬੰਧਤ ਜ਼ਿਲ੍ਹਾ ਭਾਸ਼ਾਂ ਅਧਿਕਾਰੀ ਰਾਹੀਂ ਬਿਨੈਕਾਰਾਂ ਨੂੰ ਨਿਸ਼ਚਿਤ ਮਿਤੀ ਤੋਂ ਪਹਿਲਾਂ ਸਮੇਂ ਸਿਰ ਦੇ ਦਿੱਤੀ ਜਾਵੇਗੀ।
8. ਜ਼ਿਲ੍ਹਾ ਪੱਧਰ ਤੇ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਰਾਜ ਪੱਧਰ ਦੇ ਮੁਕਾਬਲੇ ਵਿਚ ਹਿੱਸਾ ਲੈਣਗੇ।
9. ਜ਼ਿਲ੍ਹਾ ਪੱਧਰ ਦੇ ਅਤੇ ਰਾਜ ਪੱਧਰ ਦੇ ਮੁਕਾਬਲਿਆਂ ਵਿਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਹਰ ਵੰਨਗੀ ਵਿਚ ਹੇਠ ਲਿਖੇ ਅਨੁਸਾਰ ਇਨਾਮ ਦਿੱਤੇ ਜਾਣਗੇ।

| | ਜ਼ਿਲ੍ਹਾ ਪੱਧਰ | ਰਾਜ ਪੱਧਰ |
|---|---|---|
| ਪਹਿਲਾ ਇਨਾਮ | 1000/- ਰੁਪਏ | 2000/- ਰੁਪਏ |
| ਦੂਜਾ ਇਨਾਮ | 750/- ਰੁਪਏ | 1500/- ਰੁਪਏ |
| ਤੀਜਾ ਇਨਾਮ | 500/- ਰੁਪਏ | 1000/- ਰੁਪਏ |

10. ਇਨਾਮਾਂ ਦੀ ਰਕਮ ਵਿਭਾਗੀ ਪ੍ਰਕਾਸ਼ਨਾਵਾਂ ਜਾਂ ਰਸਾਲਿਆਂ ਦੇ ਰੂਪ ਵਿਚ ਦਿੱਤੀ ਜਾਵੇਗੀ।
11. ਜ਼ਿਲ੍ਹਾ ਪੱਧਰ ਤੇ ਜੇਤੂ ਵਿਦਿਆਰਥੀਆਂ ਨੂੰ ਸਬੰਧਤ ਜ਼ਿਲ੍ਹਾ ਭਾਸ਼ਾ ਅਫਸ਼ਰ ਆਪਣੇ ਦਸਤਖਤਾਂ ਹੇਠ ਪ੍ਰਮਾਣ ਪੱਤਰ ਦੇਣਗੇ।
12. ਜੱਜਾਂ ਦਾ ਨਿਰਣਾ ਅੰਤਿਮ ਹੋਵੇਗਾ।
13. ਮੁਕਾਬਲਿਆਂ ਸਬੰਧੀ ਕਿਸੇ ਵੀ ਵਾਦ-ਵਿਵਾਦ ਬਾਰੇ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਜਾਂ ਉਨ੍ਹਾਂ ਵੱਲੋਂ ਅਧਿਕਾਰਤ ਪ੍ਰਤੀਨਿਧ ਨੂੰ ਕੋਈ ਵੀ ਫੈਸਲਾ ਲੈਣ ਦਾ ਅਧਿਕਾਰ ਹੋਵੇਗਾ।
14. ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਕਿਸੇ ਵੀ ਵਿਅਕਤੀ ਨੂੰ ਵਿਭਾਗ ਵੱਲੋਂ ਕੋਈ ਵੀ ਸਫਰ ਖਰਚ ਜਾਂ ਰੋਜ਼ਾਨਾ ਭੱਤਾ ਨਹੀਂ ਦਿੱਤਾ ਜਾਵੇਗਾ।
15. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਉਕਤ ਨਿਯਮਾਂ ਵਿਚ ਕਿਸੇ ਵੀ ਸਮੇਂ ਲੋੜ ਅਨੁਸਾਰ ਸੋਧ ਕਰ ਸਕਦੇ ਹਨ।

ਡਿਪਟੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ

ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਵੱਲੋਂ ਕਰਵਾਏ ਜਾਣ ਵਾਲੇ ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਲਈ ਐਂਟਰੀ ਫਾਰਮ

| ਲੜੀ ਨੰ: | ਵਿਦਿਆਰਥੀ ਦਾ ਨਾਂ | ਵਿੱਦਿਅਕ ਸੰਸਥਾ ਦਾ ਨਾਂ | ਪਿਤਾ ਦਾ ਨਾਂ | ਮਾਤਾ ਦਾ ਨਾਂ | ਸ਼੍ਰੇਣੀ | ਜਨਮ ਮਿਤੀ | ਇੰਚਾਰਜ ਅਧਿਆਪਕ ਦਾ ਫੋਨ ਨੰਬਰ | ਵਿਧਾ (ਲੇਖ/ਕਹਾਣੀ/ਕਵਿਤਾ/ਕਵਿਤਾ ਗਾਇਨ) | ਕਵਿਤਾ ਗਾਇਨ ਮੁਕਾਬਲੇ ਲਈ ਪ੍ਰਵਾਨਿਤ ਕਵੀ ਦਾ ਨਾਮ ਅਤੇ ਕਵਿਤਾ |
|---|---|---|---|---|---|---|---|---|---|
| | | | | | | | | | |
| | | | | | | | | | |
| | | | | | | | | | |
| | | | | | | | | | |

Scanned with CamScanner